# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)।
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)।
3) ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰ।
4) ਸਮੂਹ ਅੰਗਰੇਜ਼ੀ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ।
5) ਸਮੂਹ ਸਕੂਲ ਮੁੱਖੀ ( ਵੈਂਬ-ਸਾਈਟ ਰਾਹੀਂ)।

ਮੀਮੋ ਨੰ.: ਐਸ.ਐਸ.ਏ/ਐਮਸੀ/2011/74507-74546
ਮਿਤੀ, ਚੰਡੀਗੜ੍ਹ 27.02.2012

ਵਿਸ਼ਾ:- ਜ਼ਿਲ੍ਹਾ **Quiz** ਕੰਪੀਟੀਸ਼ਨ ਕਰਵਾਉਣ ਸਬੰਧੀ।

ਹਵਾਲਾ :- ਇਸ ਦਫ਼ਤਰ ਦੇ ਪੱਤਰ ਨੰ. ਐਸ.ਐਸ.ਏ./ਐਮਸੀ/2011/92877-957,
ਮਿਤੀ, ਚੰਡੀਗੜ੍ਹ 05-12-2011 ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਸਭ ਨੂੰ ਪਤਾ ਹੀ ਹੈ ਕਿ ਮੈਥ, ਸਾਇੰਸ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਦਾ ਪੱਧਰ ਉਚਾ ਚੁੱਕਣ ਲਈ ਸਕੂਲ ਸਿੱਖਿਆ ਵਿਭਾਗ, ਪੰਜਾਬ ਅਧੀਨ ਕਈ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਰਾਜ ਦੇ ਸਮੂਹ ਸਰਕਾਰੀ ਅੱਪਰ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ **Quiz** ਕੰਪੀਟੀਸ਼ਨ ਕਰਵਾਉਣ ਦਾ ਫੈਸਲਾ ਲਿਆ ਗਿਆ ਸੀ। ਜਿਸ ਦਾ ਬਲਾਕ ਪੱਧਰ ਦਾ ਕੁਇਜ ਕੰਪੀਟੀਸ਼ਨ ਸਪੰਨ ਹੋ ਚੁੱਕਾ ਹੈ।ਇਸ ਕੰਪੀਟੀਸ਼ਨ ਦੀਆਂ ਅਗਲੀਆਂ ਕੜੀਆਂ ਤਹਿਤ ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਕੁਇਜ਼ ਮੁਕਾਬਲਾ ਹੇਠ ਲਿਖਿਆਂ ਮਿਤੀਆਂ ਨੂੰ ਕਰਵਾਇਆ ਜਾਵੇਗਾ।

| ਲੜੀ ਨੰ: | ਜ਼ਿਲ੍ਹਾ ਅਤੇ ਰਾਜ ਪੱਧਰ | ਮਿਤੀ | ਸਮਾਂ |
|---|---|---|---|
| 1 | ਜ਼ਿਲ੍ਹਾ ਪੱਧਰ ਕੁਇਜ਼ ਮੁਕਾਬਲਾ | **02.03.2012** | ਸਵੇਰੇ 10:00 ਤੋਂ 1.00 ਤੱਕ |
| 2 | ਰਾਜ ਪੱਧਰ ਕੁਇਜ਼ ਮੁਕਾਬਲਾ | **09.03.2012** | ਸਵੇਰੇ 10:00 ਤੋਂ 1.00 ਤੱਕ |

2.1 ਜ਼ਿਲੇ ਅਤੇ ਰਾਜ ਪੱਧਰ ਤੇ ਹੋਣ ਵਾਲੇ **Quiz** ਕੰਪੀਟੀਸ਼ਨ ਦਾ ਸਾਰਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਦੀ ਨਿਗਰਾਨੀ ਹੇਠ ਜਿਲ੍ਹੇ ਦੇ ਸਾਇੰਸ ਸੁਪਰਵਾਈਜਰ ਵੱਲੋਂ ਕੀਤਾ ਜਾਵੇਗਾ। ਜ਼ਿਲ੍ਹਾ ਪੱਧਰ ਦਾ ਮੁਕਾਬਲਾ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਵੱਲੋਂ ਕੁਇਜ਼ ਸਥਾਨ ਨਿਸ਼ਚਿਤ ਕੀਤਾ ਜਾਵੇਗਾ ਅਤੇ ਬਲਾਕ ਜੇਤੂ ਟੀਮਾਂ ਨੂੰ ਸਕੂਲ ਮੁਖੀਆਂ ਨੂੰ ਸੂਚਿਤ

ਕੀਤਾ ਜਾਵੇਗਾ। ਜ਼ਿਲ੍ਹਾ ਪੱਧਰ ਤੇ ਪ੍ਰਸ਼ਨ ਪੱਤਰ ਸਬੰਧਤ ਡੀ.ਐਮ.ਸੀ, ਈ.ਪੀ.ਡੀ.ਸੀ ਅਤੇ ਡੀ.ਐਸ.ਐਸ.ਟੀਮ ਦੇ ਵਿਸ਼ਾ ਮਾਹਿਰ ਤਿਆਰ ਕਰਨਗੇ ਅਤੇ ਇਸ ਦੀ **presentation** ਵੀ ਤਿਆਰ ਕੀਤੀ ਜਾਵੇਗੀ। ਜ਼ਿਲ੍ਹਾ ਪੱਧਰੀ ਪ੍ਰਸ਼ਨ ਪੱਤਰ ਦਾ ਮਿਆਰ ਬਲਾਕ ਪੱਧਰੀ ਪ੍ਰਸ਼ਨ ਪੱਤਰ ਨਾਲੋ ਉੱਚਾ ਹੋਵੇਗਾ ਅਤੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਸਿਰਫ਼ ਬਲਾਕ ਜੇਤੂ ਟੀਮਾਂ ਹੀ ਹਿੱਸਾ ਲੈਣਗੀਆਂ।

2.2 ਪ੍ਰਸ਼ਨ ਓਬਜੈਕਟਿਵ ਟਾਈਪ ਹੋਣਗੇ ਜਿਸਦੇ ਉਤਰ ਇੱਕ ਸ਼ਬਦੀ ਹੋਣਗੇ।

2.3 ਪ੍ਰਸ਼ਨ ਮੈਥ, ਸਾਇੰਸ, ਅੰਗਰੇਜੀ ਅਤੇ ਸਮਾਜਿਕ ਸਿੱਖਿਆ ਦੀ ਛੇਵੀ, ਸੱਤਵੀਂ ਅਤੇ ਅਠੱਵੀਂ ਜਮਾਤ ਦੇ ਸਿਲੇਬਸ ਵਿੱਚੋ ਆਉਣਗੇ ਜੋ ਕਿ ਦਸੰਬਰ,2011 ਤੱਕ ਪੂਰਾ ਕੀਤਾ ਹੋਵੇਗਾ।

2.4 ਇਸ ਕੰਪੀਟੀਸ਼ਨ ਵਿੱਚ ਦੋ ਪੜਾਅ ਮੈਥ ਦੇ ,ਦੋ ਪੜਾਅ ਸਾਇੰਸ, ਦੋ ਅੰਗਰੇਜ਼ੀ ਦੇ ਅਤੇ ਦੋ ਸਮਾਜਿਕ ਸਿੱਖਿਆ ਦੇ ਹੋਣਗੇ।

2.5 ਲੋੜ ਅਨੁਸਾਰ ਇਹ ਪੜਾਅ ਵਧਾਏ ਵੀ ਜਾ ਸਕਦੇ ਹਨ।

2.6 ਹਰੇਕ ਪ੍ਰਸ਼ਨ "2" ਅੰਕਾਂ ਦੇ ਹੋਵੇਗਾ। ਟੀਮ ਦਾ ਉਤਰ ਸਹੀ ਹੋਣ ਤਾਂ ਟੀਕ ਨੂੰ "2" ਅੰਕ ਮਿਲਣਗੇ।

2.7 ਹਰ ਪ੍ਰਸ਼ਨ ਦਾ ਉਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ।

2.8 ਜੇਕਰ ਟੀਮ ਉਤਰ ਨਾ ਦੇ ਸਕੇ ਜਾ ਗਲਤ ਉਤਰ ਹੋਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ।

2.9 ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉਤਰ ਦੇਵੇਗੀ ਉਸਨੂੰ "1" ਅੰਕ ਪ੍ਰਾਪਤ ਹੋਵੇਗਾ।

2.10 ਜਿਲ੍ਹਾ ਪੱਧਰ ਤੇ ਪ੍ਰਥਮ ਆਉਣ ਵਾਲੀ ਟੀਮ ਅੱਗੇ ਰਾਜ ਪੱਧਰ ਤੇ ਕੰਪੀਟੀਸ਼ਨ ਵਿੱਚ ਭਾਗ ਲਵੇਗੀ।

2.11 ਰਾਜ ਪੱਧਰੀ ਕੰਪੀਟੀਸ਼ਨ ਸਟੇਟ ਪ੍ਰਾਜੈਕਟ ਡਾਇਰੈਕਟਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇਗਾ।ਇਸ ਲਈ ਪ੍ਰਸ਼ਨ ਪੱਤਰ ਹੈਡ-ਆਫਿਸ ਤੇ ਹੀ ਤਿਆਰ ਕੀਤਾ ਜਾਵੇਗਾ।ਇਸ ਕੰਪੀਟੀਸ਼ਨ ਦੀ ਸੰਭਾਵਿਤ ਮਿਤੀ 09.03.2012 ਅਤੇ ਸਥਾਨ ਜਲਦੀ ਹੀ ਨਿਸ਼ਚਿਤ ਕੀਤਾ ਜਾਵੇਗਾ।

3.0 **Quiz** ਕੰਪੀਟੀਸ਼ਨ ਲਈ ਵੱਖ-ਵੱਖ ਪੱਧਰ ਤੇ ਜੇਤੂਆਂ ਲਈ ਐਵਾਰਡ ਦੀ ਰਾਸ਼ੀ ਹੇਠ ਲਿਖੇ ਅਨੁਸਾਰ ਹੈ।

| | ਪਹਿਲਾ ਸਥਾਨ | ਦੂਜਾ ਸਥਾਨ | ਤੀਜਾ ਸਥਾਨ |
|---|---|---|---|
| ਬਲਾਕ ਪੱਧਰ | 900/- | 600/- | 300/- |
| ਜ਼ਿਲ੍ਹਾ ਪੱਧਰ | 1200/- | 900/- | 600/- |
| ਰਾਜ ਪੱਧਰ | 5100/- | 3100/- | 2100/- |

3.1 ਐਵਾਰਡ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀ ਗਈ **management cost** ਗਰਾਂਟ ਵਿੱਚੋ ਕੀਤਾ ਜਾਵੇਗਾ ਜੋ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਜ਼ਿਲ੍ਹਾ ਸਿੱਖਿਆ ਅਫ਼ਸਰ ( ਐ.ਸਿ.) ਤੋਂ ਪ੍ਰਾਪਤ ਕਰਨਗੇ।

4.0 ਬਲਾਕ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਾ ਕਰਵਾਉਣ ਲਈ ਬਲਾਕ ਪੱਧਰ ਤੇ ਪ੍ਰਤੀ ਬਲਾਕ 500/- ਰੁ ਪ੍ਰਬੰਧਕੀ ਖਰਚ ਅਤੇ ਜ਼ਿਲ੍ਹਾ ਪੱਧਰ ਤੇ ਪ੍ਰਤੀ ਜ਼ਿਲ੍ਹਾ 2000/- ਪ੍ਰਬੰਧਕੀ ਖਰਚ ਮੈਨੇਜਮੈਂਟ ਕਾਸਟ ਵਿੱਚੋਂ ਕੀਤਾ ਜਾਣਾ ਨਿਸ਼ਚਿਤ ਕੀਤਾ ਗਿਆ ਹੈ।ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਹੈਡ-ਆਫਿਸ ਤੋਂ ਅਨੁੱਲਗ 'ੳ' ਮੁਤਾਬਿਕ ਰਾਸ਼ੀ ਰਿਲੀਜ਼ ਕੀਤੀ ਜਾ ਰਹੀ ਹੈ।

5.0 ਪ੍ਰਸ਼ਨ- ਪੱਤਰ ਅਤੇ ਵਿਦਿਆਰਥੀਆਂ ਦੀ ਤਿਆਰੀ ਦੀ ਮੌਨੀਟਰਿੰਗ ਹੇਠ ਲਿਖੇ ਅਨੁਸਾਰ ਕਰਵਾਈ ਜਾਵੇਗੀ।

- ਗਣਿਤ --- ਐਮ.ਐਮ.ਟੀ
- ਵਿਗਿਆਨ --- ਡੀ.ਐਸ.ਐਸ. ਅਤੇ ਵਿਸ਼ਾ ਮਾਹਿਰ
- ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ----- ਈ.ਐਮ.ਟੀ

6.0 ਉਪਰੋਕਤ ਦਰਸਾਈਆਂ ਗਾਈਡ ਲਾਈਨਜ਼ ਅਨੁਸਾਰ ਕਾਰਵਾਈ ਕਰਨ ਯਕੀਨੀ ਬਣਾਇਆ ਜਾਵੇ ਜੀ ਅਤੇ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਿਆਂ ਦੇ ਨਤੀਜੇ ਉਸੇ ਦਿਨ ਕੰਪਾਈਲ ਕਰਕੇ ਹੈਡ ਆਫਿਸ ਨੂੰ ਈ-ਮੇਲ ਕੀਤੇ ਜਾਣ।

-ਸਹੀ-
ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨੰ.:- ਐਸ.ਐਸ.ਏ/ਐਮਸੀ/2011/74547-74566 ਮਿਤੀ 27.02.2012

ਉਤਾਰਾ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜਰ ਨੂੰ ਸੂਚਨਾਂ ਹਿੱਤ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

-ਸਹੀ-
ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ, ਚੰਡੀਗੜ੍ਹ